ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤਿ ਹੈ ਸੂਰਾ ॥





ਸਾਲਾਨਾ ਚੰਦਾ ੮-੦੦
ਇਕ ਪਰਚਾ ੦-੭੫

ਪਰਦੇਸ

ਸਮੁੰਦਰੀ ਡਾਕ ੧੮-੫੦

ਹਵਾਈ ਡਾਕ

ਅਰਬ, ਮਲਾਇਆ ੩੫-੦੦
ਯੂ. ਕੇ., ਅਫ਼ਰੀਕਾ ੫੦-੦੦
ਕੈਨੇਡਾ, ਅਮਰੀਕਾ ੫੫-੦੦



ਸੰਪਾਦਕੀ ਬੋਰਡ

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰੋ: ਗੁਰਮੁਖ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ


## ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਸਪਲੀਮੈਂਟ

# ਗੁਰ ਕੀ ਨਿੰਦਾ ਸੁਨੈ ਨ ਕਾਨ

ਗਗਨ ਦਮਾਮਾ ਬਾਜਿਓ, ਪਰਿਓ ਨੀਸਾਨੈ ਘਾਉ ॥
ਖੇਤੁ ਜੁ ਮਾਂਡਿਓ ਸੂਰਮਾ, ਅਬ ਜੂਝਨ ਕੋ ਦਾਉ ॥
ਸੂਰਾ ਸੋ ਪਹਿਚਾਨੀਐ, ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ, ਕਬਹੂ ਨ ਛਾਡੈ ਖੇਤੁ ॥੨॥੨॥

ਸਲੋਕ ਕਬੀਰ ਜੀ, ਪੰਨਾ ੧੧੦੫

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥

ਸਲੋਕ ਮ: ੧, ਵਾਰਾਂ ਤੇ ਵਧੀਕ, ੧੪੧੨

ਕਬੀਰ ਮੁਹਿ ਮਰਨੇ ਕਾ ਚਾਉ ਹੈ, ਮਰਉ ਤ ਹਰਿ ਕੈ ਦੁਆਰ ॥
ਮਤ ਹਰਿ ਪੂਛੈ ਕਉਨੁ ਹੈ, ਪਰਾ ਹਮਾਰੈ ਬਾਰ ॥੬੧॥

ਸਲੋਕ ਕਬੀਰ ਜੀ, ਪੰਨਾ ੧੩੬੭


ਚਿੱਠੀ ਪੱਤਰ ਤੇ ਰਕਮ ਭੇਜਣ ਦਾ ਪਤਾ :

ਮੈਨੇਜਰ, 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ



www.AKJ.Org

# ਅੰਮ੍ਰਿਤਸਰ ਵਿਚ ਵੈਸਾਖੀ ਸਮੇਂ ਖ਼ੂਨੀ ਸਾਕਾ

## ਸਿੰਘਾਂ ਦੇ ਸ਼ਾਂਤਮਈ ਜੱਥੇ ਦਾ ਨਿਰੰਕਾਰੀਆਂ ਵਲੋਂ ਕਤਲੇ ਆਮ

### ੧੩ ਸਿੰਘ ਸ਼ਹੀਦ ਅਤੇ ੭੦ ਤੋਂ ਵਧ ਸਖ਼ਤ ਫਟੜ

ਭਾਰਤ ਦੇ ਵਖ ਵਖ ਸੂਬਿਆਂ ਵਿਚੋਂ ਸ੍ਰੀ ਅੰਮ੍ਰਿਤਸਰ ਵਿਖੇ ਵਿਸਾਖੇ ਦਾ ਸਾਲਾਨਾ ਸਮਾਗਮ ਅਤੇ ਭਾ: ਸਾ: ਭਾ: ਰਣਧੀਰ ਸਿੰਘ ਜੀ ਦੀ ਜਨਮ ਸ਼ਤਾਬਦੀ ਮਨਾਉਣ ਲਈ ਇਕੱਤਰ ਹੋਏ ਅਖੰਡ ਕੀਰਤਨੀ ਜੱਥੇ ਵਲੋਂ, ੧੩-੪-੭੮ ਵੈਸਾਖੇ ਵਾਲੇ ਦਿਨ ਅੰਮ੍ਰਿਤ ਵੇਲੇ ਤੋਂ ਅਖੰਡ ਕੀਰਤਨ ਜਾਰੀ ਸੀ ਅਤੇ ਅੰਮ੍ਰਿਤ-ਬਾਣੀ ਦੀ ਵਰਖਾ ਹੋ ਰਹੀ ਸੀ। ਦਸ ਵਜੇ ਦੇ ਕਰੀਬ ਜੱਥਾ ਭਿੰਡਰਾਂ ਮਹਿਤਾ ਵਾਲਿਆਂ ਦੇ ਜਥੇਦਾਰ ਸੰਤ ਜਰਨੈਲ ਸਿੰਘ ਜੀ ਖਾਲਸਾ ਵਲੋਂ ਸਦ ਪੁਜੀ ਕਿ ਨਕਲੀ ਨਿਰੰਕਾਰੀ ਗੁਰਬਚਨ ਸਿੰਹੁ ਦੇ ਚੇਲੇ-ਚਾਟੜਿਆਂ ਵਲੋਂ ਸ੍ਰੀ ਅੰਮ੍ਰਿਤਸਰ ਵਿਚ ਜਲੂਸ ਕਢਿਆ ਜਾ ਰਿਹਾ ਹੈ, ਜਿਸ ਵਿਚ ਸਤਿਗੁਰਾਂ ਵਿਰੁੱਧ ਕੁਬੋਲ ਬੋਲੇ ਜਾ ਰਹੇ ਹਨ ਅਤੇ ਗੁਰਸਿਖੀ ਦਾ ਅਪਮਾਨ ਕਰ ਕੇ ਮਖ਼ੌਲ ਉਡਾਇਆ ਜਾ ਰਿਹਾ ਹੈ ਅਤੇ ਇਸ ਤਰ੍ਹਾਂ ਖਾਲਸਾ ਪੰਥ ਨੂੰ ਚਿੜ੍ਹਾਇਆ ਜਾ ਰਿਹਾ ਹੈ।

ਸਮੂਹ ਸਿਖ ਸੰਗਤਾਂ ਭਲੀ ਪ੍ਰਕਾਰ ਜਾਣਦੀਆਂ ਹਨ ਕਿ ਨਕਲੀ ਨਿਰੰਕਾਰੀਆਂ ਵਲੋਂ ਪਿਛਲੇ ਕਈ ਸਾਲਾਂ ਤੋਂ ਅਜਿਹੀਆਂ ਭੜਕਾਊ ਸਰਗਰਮੀਆਂ ਜਾਰੀ ਹਨ। ਇਸ ਸ਼ਰਾਰਤੀ ਟੋਲੇ ਨੇ ਆਪਣੇ ਕੁਝ ਗ਼ਲੀਜ਼ ਵਿਅਕਤੀਆਂ ਨੂੰ ਮਾਤਾ ਤ੍ਰਿਪਤਾ, ਭਾ: ਗੁਰਦਾਸ, ਬੇਬੇ ਨਾਨਕੀ ਅਤੇ ਬਾਬਾ ਬੁੱਢਾ ਆਦਿ ਨਾਮ ਦਿਤੇ ਹੋਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਇਹ ਅਪਰਾਧੀ 'ਕਾਗ਼ਜ਼ਾਂ ਦਾ ਪਲੰਦਾ' ਆਖਣ ਦੀ ਹਮਾਕਤ ਕਰਦਾ ਹੈ। 'ਕਾਰ ਸੇਵਾ' ਨੂੰ 'ਬੇਕਾਰ ਸੇਵਾ' ਆਖਦਾ ਹੈ। ਇਹ ਨਕਲੀ ਨਿਰੰਕਾਰੀ ਆਗੂ, ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਸ਼ਖ਼ਸੀਅਤ ਨੂੰ ਛੁਟਿਆਰਨ ਲਈ ਫੜ ਮਾਰਦਾ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਪੰਜ ਪਿਆਰੇ ਬਣਾਏ ਸਨ, ਮੈਂ 'ਸਤ ਪਿਆਰੇ' ਬਣਾਵਾਂਗਾ।

ਭਿੰਡਰਾਂ ਦੇ ਜਥੇ ਵਲੋਂ ਸੁਨੇਹਾ ਪੁਜਾ ਕਿ ਇਸ ਜਲੂਸ ਨੂੰ ਰੋਕੇ ਜਾਣ ਦੀ ਲੋੜ ਹੈ। ਇਹ ਮੰਦੀ ਸੋਅ ਕੰਨੋ ਕੰਨੀ ਸੁਣੀ ਗਈ, ਜੋ ਸਿਖ ਹਿਰਦਿਆਂ ਨੂੰ ਵਲੂੰਧਰ ਗਈ। ਬਹੁਤ ਸਾਰੇ ਗੁਰਸਿਖ ਪਿਆਰੇ ਕੁਝ ਮਿੰਟਾਂ ਵਿਚ ਹੀ ਸਤਿਗੁਰਾਂ ਨੂੰ ਸੀਸ ਨਿਵਾ ਕੇ ਉਠਦੇ ਗਏ ਅਤੇ ਸ੍ਰੀ ਗੁਰੂ ਰਾਮਦਾਸ ਨਿਵਾਸ ਵਿਖੇ ਭਿੰਡਰਾਂ ਵਾਲੇ ਗੁਰਮੁਖਾਂ ਨਾਲ ਜਾ ਰਲੇ।

ਗੁਰੂ ਰਾਮਦਾਸ ਨਿਵਾਸ ਵਿਖੇ ਪੁਜਵ ਤੇ ਇਹ ਪਤਾ ਲਗਾ ਕਿ ਜਲੂਸ ਤਾਂ ਹੁਣ ਖ਼ਤਮ ਹੋ ਚੁਕਾ ਹੈ। ਸੋ ਉਨ੍ਹਾਂ ਗੁਰਮੁਖਾਂ ਨੇ ਫ਼ੈਸਲਾ ਕੀਤਾ ਕਿ ਪੁਰ-ਅਮਨ ਢੰਗ ਨਾਲ ਉਨ੍ਹਾਂ ਦੇ ਪੰਡਾਲ ਪਾਸ ਪੁਜ ਕੇ ਸਤਿਗੁਰਾਂ ਦੀ ਕੀਤੀ ਜਾ ਰਹੀ ਨਿੰਦਿਆ ਦੇ ਵਿਰੁਧ ਪ੍ਰੋਟੈਸਟ ਕੀਤਾ ਜਾਵੇ ਅਤੇ ਅਜਿਹੀ ਨਿੰਦ-ਨੀਯ ਕਰਤੂਤ ਕਰਨ ਤੋਂ



www.AKJ.Org

ਉਹਨਾਂ ਨੂੰ ਵਰਜਿਆ ਜਾਵੇ । ਪਤਾ ਲਗਾ ਹੈ ਕਿ ਅਖੰਡ ਕੀਰਤਨੀ ਜੱਥੇ ਅਤੇ ਭਿੰਡਰਾਂ ਵਾਲੇ ਜਥੇ ਦੇ ਕੁਝ ਸਿੰਘ ਕਿਲ੍ਹਾ ਗੋਬਿੰਦਗੜ੍ਹ ਲਾਗੇ ਰੀਗੋ ਬ੍ਰਿਜ ਪਾਸ ਪੁਜੇ, ਜਿਥੇ ਇਹਨਾਂ ਨੂੰ ਪੁਲਿਸ ਅਧਿਕਾਰੀਆਂ ਨੇ ਰੋਕ ਲਿਆ ਅਤੇ ਅਗੇ ਜਾਣ ਦਾ ਮੰਤਵ ਪੁਛਿਆ । ਸਿੰਘਾਂ ਨੇ ਦਸਿਆ ਕਿ ਅਜ ਦੇ ਜਲੂਸ ਵਿਚ ਅਤੇ ਹੁਣ ਕੀਤੇ ਜਾ ਰਹੇ ਜਲਸੇ ਵਿਚ, ਜਿਸ ਦੀ ਆਵਾਜ਼ ਸਪੱਸ਼ਟ ਸੁਣਾਈ ਦੇ ਰਹੀ ਹੈ, ਸਿਖ ਗੁਰੂ ਸਾਹਿਬਾਨ ਅਤੇ ਸਿਖ ਧਰਮ ਵਿਰੁਧ ਕੁਬੋਲ ਬੋਲੇ ਜਾ ਰਹੇ ਹਨ, ਜੋ ਨਾ-ਕਾਬਲੇ ਬਰਦਾਸ਼ਤ ਹਨ । ਅਸੀਂ ਇਸ ਜਲਸੇ ਦੇ ਪ੍ਰਬੰਧਕਾਂ ਨੂੰ ਅਜਿਹਾ ਕਰਨ ਵਿਰੁਧ ਪ੍ਰੋਟੈਸਟ ਕਰਨ ਅਤੇ ਵਰਜਣ ਲਈ ਜਾ ਰਹੇ ਹਾਂ । ਇਸ ਉਤੇ ਪੁਲਿਸ ਅਧਿਕਾਰੀ ਨੇ ਕਿਹਾ ਕਿ ਤੁਹਾਡੀ ਇਹ ਮੰਗ ਮੈਂ ਖ਼ੁਦ ਜਾ ਕੇ ਪੂਰੀ ਕਰਵਾ ਦਿੰਦਾ ਹਾਂ, ਤੁਸੀਂ ਇਥੇ ਹੀ ਰੁਕੋ । ਪੁਲਿਸ ਅਧਿਕਾਰੀ ਜਲਸੇ ਦੇ ਪੰਡਾਲ ਵਲ ਚਲਾ ਗਿਆ ਅਤੇ ਸਿੰਘਾਂ ਦਾ ਜਥਾ ਉਸ ਦੇ ਵਾਪਸ ਮੁੜਨ ਤਕ ਅੱਧਾ ਕੁ ਘੰਟਾ ਉਥੇ ਹੀ ਰੁਕਿਆ ਰਿਹਾ । ਵਾਪਸ ਆਉਣ ਸਮੇਂ ਉਸ ਨਾਲ ਹੋਰ ਪੁਲਿਸ ਅਧਿਕਾਰੀ ਵੀ ਸਨ । ਜੋਸ਼ੀ ਡੀ. ਐਸ. ਪੀ. ਨੇ ਸਿੰਘਾਂ ਦੇ ਜਥੇ ਨੂੰ ਵਾਪਸ ਮੁੜ ਜਾਣ ਲਈ ਕਿਹਾ ਅਤੇ ਆਖਿਆ ਕਿ ਜਲਸਾ ਕਦੋਂ ਦਾ ਬੰਦ ਹੋ ਗਿਆ ਹੋਇਆ ਹੈ । ਪਰ ਉਸ ਵੇਲੇ ਬਦਸਤੂਰ ਲਾਊਡ ਸਪੀਕਰ ਤੇ ਭੜਕਾਊ ਤਕਰੀਰਾਂ ਸੁਣੀਆਂ ਜਾ ਰਹੀਆਂ ਸਨ । ਏਨੇ ਨੂੰ ਨਿਰੰਕਾਰੀਆਂ ਦਾ ਪੰਜ ਛੇ ਹਜ਼ਾਰ ਦੀ ਗਿਣਤੀ ਵਿਚ ਬਾ-ਵਰਦੀ ਹਜੂਮ ਬੰਦੂਕਾਂ, ਪਸਤੌਲਾਂ, ਬਰਛਿਆਂ, ਭਾਲਿਆਂ, ਕਿਰਪਾਨਾਂ, ਤੀਰ ਕਮਾਨਾਂ, ਲਾਠੀਆਂ ਨਾਲ ਮਸੱਲਾ ਪੰਡਾਲ ਵਿਚੋਂ ਨਿਕਲ ਕੇ ਲਲਕਾਰੇ ਮਾਰਦਾ ਸਿੰਘਾਂ ਦੇ ਜਥੇ ਵਲ ਵਧਿਆ ਤੇ ਅੱਖ ਦੇ ਫੋਰ ਵਿਚ ਵਟਿਆਂ, ਤੇਜ਼ਾਬ ਦੀਆਂ ਬੋਤਲਾਂ, ਹੱਥ ਬੰਬਾਂ ਅਤੇ ਗੋਲੀਆਂ ਤੇ ਤੀਰਾਂ ਦੀ ਬੁਛਾੜ ਕਰ ਦਿਤੀ ਅਤੇ ਗੋਲੀਆਂ ਨਾਲ ਘਾਇਲ ਹੋ ਕੇ ਧਰਤੀ ਤੇ ਡਿਗੇ ਸਿੰਘਾਂ ਨੂੰ ਕਿਰਪਾਨਾਂ, ਗੰਡਾਸਿਆਂ ਅਤੇ ਬਰਛਿਆਂ ਨਾਲ ਛਾਨਣੀ ਛਾਨਣੀ ਕਰ ਦਿਤਾ । ਧਰਤੀ ਤੇ ਲਾਸ਼ਾਂ ਅਤੇ ਜ਼ਖ਼ਮੀਆਂ ਦੇ ਸਥਰ ਲਥ ਜਾਣ ਮਗਰੋਂ ਪੁਲਿਸ ਨੇ ਅਥਰੂ ਗੈਸ ਤਾਂ ਛੱਡੀ, ਪਰ ਉਹ ਵੀ ਸਿੰਘਾਂ ਦੇ ਜੱਥੇ ਵਲ ਹੀ, ਜਿਸ ਨਾਲ ਕਾਤਲਾਂ ਨੂੰ ਹੋਰ ਮਦਦ ਮਿਲੀ ਤੇ ਜੱਥੇ ਦਾ ਹੋਰ ਜ਼ਿਆਦਾ ਨੁਕਸਾਨ ਹੋਇਆ ।

ਪੁਲਸ ਵਲੋਂ ਸ਼ਹੀਦ ਹੋਏ ਸਿੰਘਾਂ ਦੀਆਂ ਲਾਸ਼ਾਂ ਘਟਨਾ ਵਰਤਣ ਤੋਂ ਘੰਟੇ ਕੁ ਮਗਰੋਂ ਮੁਰਦੇਖਾਨੇ ਵਿਚ ਪੁਚਾਈਆਂ ਗਈਆਂ । ਕੁਝ ਕੁ ਜ਼ਖ਼ਮੀ ਸਿੰਘ ਵੀ ਹਸਪਤਾਲ ਪੁਚਾਏ ਗਏ, ਪਰ ਸਖ਼ਤ ਜ਼ਖ਼ਮੀ ਹੋਏ ਭਾ: ਫ਼ੌਜਾ ਸਿੰਘ ਅਤੇ ਕੁਝ ਹੋਰ ਸਿੰਘਾਂ ਨੂੰ ਲਾਸ਼ਾਂ ਵਾਲੇ ਟਰੱਕ ਵਿਚ ਪਾ ਕੇ ਪੁਲਿਸ ਵਲੋਂ ਪਹਿਲਾਂ ਮੁਰਦੇਖ਼ਾਨੇ ਲਿਜਾਇਆ ਗਿਆ ਅਤੇ ਦੋ ਢਾਈ ਘੰਟੇ ਮਗਰੋਂ ਹਸਪਤਾਲ ਪੁਚਾਇਆ ਗਿਆ, ਜਦੋਂ ਉਹ ਉਥੇ ਪੁਜਣ ਤਕ ਪ੍ਰਾਣ ਤੋੜ ਗਿਆ । ਇਸ ਵਿਚ ਜੋਸ਼ੀ ਡੀ. ਐਸ. ਪੀ. ਦੀ ਸਾਜ਼ਸ਼ ਦਾ ਹੱਥ ਦਿਸਦਾ ਹੈ ।

ਹੈਰਾਨੀ ਦੀ ਗੱਲ ਹੈ ਕਿ ਖ਼ੂਨੀ ਸਾਕਾ ਵਰਤਣ ਦੇ ਸਾਢੇ ਤਿੰਨ ਘੰਟੇ ਮਗਰੋਂ ਤਕ ਨਿਰੰਕਾਰੀਆਂ ਦਾ ਜਲਸਾ ਬਦਸਤੂਰ ਚਲਦਾ ਰਿਹਾ ਤੇ ਨਰੈਣੂ ਮਹੰਤ ਤੋਂ ਵਧ ਨਿਰਦਈ ਇਹ ਗੁਰਬਚਨ ਸਿੰਹੁ ਤੇ ਉਸ ਦੇ ਬੁੱਚੜ ਚਾਟੜੇ ਭਾਸ਼ਨ ਦੇਂਦੇ ਰਹੇ । ਪਤਾ ਲਗਾ ਹੈ ਕਿ ਉਸ ਦੇ ਜਲਸੇ ਵਿਚ ਖ਼ੂਨੀ ਸਾਕੇ ਸਮੇਂ ਗੁਰਦਾਸਪੁਰ ਦਾ ਡੀ. ਸੀ. ਨਿਰੰਜਨ ਸਿੰਘ ਆਈ. ਏ. ਐਸ. ਅਤੇ ਹੋਰ ਸੀਨੀਅਰ ਸਰਕਾਰੀ ਅਫਸਰ ਵੀ ਸਨ । ਸਪੱਸ਼ਟ ਹੈ ਕਿ ਅੰਮ੍ਰਿਤਸਰ ਦੇ ਜ਼ਿਲਾ ਅਧਿਕਾਰੀਆਂ ਨੇ ਵੈਸਾਖੀ ਵਾਲੇ ਦਿਨ ਨਕਲੀ ਨਿਰੰਕਾਰੀਆਂ ਨੂੰ ਸਿੱਖਾਂ ਦੇ ਕੇਂਦਰੀ ਅਸਥਾਨ ਸ੍ਰੀ ਅੰਮ੍ਰਿਤਸਰ ਵਿਚ ਜਲੂਸ ਕਢਣ ਤੇ ਜਲਸਾ ਕਰਨ ਦੀ ਆਗਿਆ ਦੇ ਕੇ ਨਿਰੰਕਾਰੀ ਸ਼ਰਾਰਤੀ ਟੋਲੇ ਦਾ ਪੱਖ ਪੂਰਿਆ ਹੈ । ਇਹਨਾਂ ਕਾਤਲਾਂ ਨੂੰ ਖੁਲ੍ਹ ਦੇ ਕੇ ਤੇ ਵੇਲੇ ਸਿਰ ਇਹਨਾਂ ਨਾਲ ਨਾ ਨਿਪਟਣ ਲਈ ਅੰਮ੍ਰਿਤਸਰ ਦੇ ਅਧਿਕਾਰੀ ਭਾਰੀ ਦੋਸ਼ੀ ਹਨ ਤੇ ਕਰੜੇ ਦੰਡ ਦੇ ਭਾਗੀ ਹਨ ।

ਮਿਰਤਕ ਸਰੀਰਾਂ ਦੇ ਪੋਸਟ ਮਾਰਟਮ ਲਈ ਸਰਕਾਰ ਨੇ ਕੁਝ ਡਾਕਟਰਾਂ ਦਾ ਪੈਨਲ ਬਣਾਇਆ



www.AKJ.Org

ਸੀ। ਸਾਨੂੰ ਪਤਾ ਲਗਾ ਹੈ ਕਿ ਡੀ. ਸੀ. ਦੇ ਹੁਕਮ ਨਾਲ ਕੁਝ ਸਿੰਘਾਂ ਦਾ ਪੋਸਟ ਮਾਰਟਮ ਇਕੱਲੇ ਡਾਕਟਰ ਤੋਂ ਕਰਵਾ ਕੇ ਸਰਕਾਰੀ ਹੁਕਮ ਦੀ ਜਾਣ ਮਿਥ ਕੇ ਉਲੰਘਣਾ ਕੀਤੀ ਗਈ। ਡੀ. ਸੀ. ਦੀ ਇਸ ਮੂੰਹ-ਜ਼ੋਰ ਕਾਰਵਾਈ ਤੋਂ ਉਸ ਦੇ ਨਿਰੰਕਾਰੀ-ਪੱਖੀ ਹੋਣ ਦੀ ਪੁਸ਼ਟੀ ਹੁੰਦੀ ਹੈ।

ਦੂਜੇ ਪਾਸੇ ਮਹਾਸ਼ਾ ਪ੍ਰੈਸ ਨੇ ਖ਼ਬਰਾਂ ਨੂੰ ਗ਼ਲਤ ਮਲਤ ਕਰ ਕੇ ਛਾਪਿਆ ਹੈ। ਅਖੰਡ ਕੀਰਤਨੀ ਜਥੇ ਅਤੇ ਭਿੰਡਰਾਂ ਦੇ ਜਥੇ ਦੇ ਨਿਰੋਲ ਧਾਰਮਿਕ ਭਾਵਨਾ ਵਾਲੇ, ਨਾਮ ਬਾਣੀ ਦੇ ਰਸੀਏ ਸਿੰਘਾਂ ਨੂੰ ਮਹਾਸ਼ਾ ਅਖਬਾਰਾਂ ਨੇ ਨਿਹੰਗ ਤੇ ਅਕਾਲੀ ਲਿਖ ਕੇ ਪੇਸ਼ ਕੀਤਾ ਹੈ, ਜੋ ਸਰਾ-ਸਰ ਗ਼ਲਤ ਹੈ ਅਤੇ ਉਹਨਾਂ ਦੀ ਸ਼ਰਾਰਤੀ ਖੋਪਰੀ ਦੀ ਕਾਢ ਹੈ।

ਨਿਰੰਕਾਰੀ ਆਗੂ ਗੁਰਬਚਨ ਸਿੰਹੁ ਵਲੋਂ ਸਿੰਘਾਂ ਦੇ ਜਥੇ ਦੀ ਕਤਲੇ ਆਮ ਕਰਨ ਦੀ ਬੜੀ ਭਾਰੀ ਸਾਜ਼ਸ਼ ਹੈ। ਕੋਈ ਪੁਛੇ ਕਿ ਇਹ ਤੇਜ਼ਾਬ ਦੀਆਂ ਬੋਤਲਾਂ, ਇੱਟਾਂ ਵੱਟੇ, ਭਾਰੀ ਗਿਣਤੀ ਵਿਚ ਬੰਦੂਕਾਂ ਪਸਤੌਲਾਂ, ਬਰਛੇ, ਕਿਰਪਾਨਾਂ, ਲਾਠੀਆਂ ਤੇ ਗੰਡੇ ਬੁਰਛੇ ਕਿਥੋਂ ਆਏ ? ਉਹਨਾਂ ਨੂੰ ਸਿੰਘਾਂ ਦੇ ਕਤਲੇ-ਆਮ ਦਾ ਹੁਕਮ ਦੇਣ ਕਾਰਨ ਨਿਰੰਕਾਰੀਆਂ ਦਾ ਆਗੂ ਗੁਰਬਚਨ ਸਿੰਹੁ ਇਸ ਖ਼ੂਨੀ ਸਾਕੇ ਅਤੇ ਸਾਜ਼ਸ਼ ਦਾ ਮੁਢਲਾ ਦੋਸ਼ੀ ਅਤੇ ਮੁਜਰਮ ਹੈ ਅਤੇ ਇਸ ਦੋਸ਼ ਦੇ ਅਧੀਨ ਉਸ ਨੂੰ ਗ੍ਰਿਫ਼ਤਾਰ ਕਰ ਕੇ ਉਸ ਉਤੇ ਅੰਧਾ-ਧੁੰਧ ਕਤਲੇ-ਆਮ ਦਾ ਮੁਕੱਦਮਾ ਕੀਤਾ ਜਾਣਾ ਚਾਹੀਦਾ ਸੀ। ਅਜੇਹੇ ਸੰਗੀਨ ਜੁਰਮ ਦੇ ਬਾਵਜੂਦ ਉਸ ਸਾਜ਼ਸ਼ਕਾਰੀ ਵਿਰੁਧ ਅਜੇ ਤਕ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਗਈ, ਜਿਸ ਤੋਂ ਇਹ ਅੰਦੇਸ਼ਾ ਹੁੰਦਾ ਹੈ ਕਿ ਉਸ ਨੇ ਸੀਨੀਅਰ ਜ਼ਿਲਾ ਅਧਿਕਾਰੀਆਂ ਨਾਲ ਗੱਠ-ਤੁਪ ਕੀਤੀ ਹੋਈ ਸੀ।

ਇਸ ਖ਼ੂਨੀ ਸਾਕੇ ਵਿਚ ੧੩ ਸਿੰਘ ਸ਼ਹੀਦ ਹੋਏ ਹਨ, [redacted] । ਜ਼ਖ਼ਮੀਆਂ ਦੀ ਗਿਣਤੀ ੭੦ ਤੋਂ ਵਧ ਦਸੀ ਜਾਂਦੀ ਹੈ। ਚੂੰਕਿ ਸਿੰਘ ਵਖ ਵਖ ਸੂਬਿਆਂ ਵਿਚੋਂ ਇਕੱਤਰ ਹੋਏ ਸਨ, ਤੇ ਉਹਨਾਂ ਵਿਚੋਂ ਬੇਅੰਤ ਸਿੰਘ ਪ੍ਰੋਟੈਸਟ ਜਥੇ ਵਿਚ ਸ਼ਾਮਲ ਹੋਏ ਸਨ, ਪੂਰੀ ਤਰ੍ਹਾਂ ਇਹ ਪਤਾ ਨਹੀਂ ਲਗ ਸਕਿਆ ਕਿ ਕਿੰਨੇ ਕੁ ਸਿੰਘ ਅਜੇ ਲਾ-ਪਤਾ ਹਨ। ਬਾਹਰਲੀਆਂ ਥਾਵਾਂ ਤੋਂ ਖ਼ਬਰਾਂ ਮਿਲ ਰਹੀਆਂ ਹਨ ਕਿ ਕੁਝ ਸਿੰਘ ਅਜੇ ਵਾਪਿਸ ਘਰੀਂ ਨਹੀਂ ਪੁਜੇ। ਅਜਿਹੇ ਲਾ-ਪਤਾ ਸਿੰਘਾਂ ਦੀ ਲਿਸਟ ਬਣਾਈ ਜਾ ਰਹੀ ਹੈ। ੧੩ ਸ਼ਹੀਦ ਸਿੰਘਾਂ ਦੇ ਪਾਵਨ ਨਾਮ ਇਹ ਹਨ :—

(੧) ਭਾਈ ਫ਼ੌਜਾ ਸਿੰਘ ਜੀ ਸਪੁਤਰ ਸ: ਅਮਰ ਸਿੰਘ ਜੀ, ਅੰਮ੍ਰਿਤਸਰ।
(੨) ਭਾਈ ਅਵਤਾਰ ਸਿੰਘ ਜੀ ਖੁਡਾ ਕੁਰਾਲਾ, ਜ਼ਿਲਾ ਹੁਸ਼ਿਆਰਪੁਰ।
(੩) ਭਾਈ ਹਰਭਜਨ ਸਿੰਘ ਜੀ, ਭੱਟੀਆਂ ਜ਼ਿਲਾ ਗੁਰਦਾਸਪੁਰ।
(੪) ਭਾਈ ਪਿਆਰਾ ਸਿੰਘ ਜੀ ਪਿੰਡ ਭੁੰਗਰਨੀ ਜ਼ਿਲਾ ਹੁਸ਼ਿਆਰਪੁਰ।
(੫) ਭਾਈ ਰਘਬੀਰ ਸਿੰਘ ਜੀ, ਭਾਗੂਪੁਰਾ ਥਾਣਾ ਪੱਟੀ ਜ਼ਿਲਾ ਅੰਮ੍ਰਿਤਸਰ।
(੬) ਭਾਈ ਗੁਰਚਰਨ ਸਿੰਘ ਜੀ ਸਪੁਤਰ ਭਾਈ ਦਲੀਪ ਸਿੰਘ ਜੀ, ਨੀਊ ਮਾਡਲ ਟਾਊਨ, ਲੁਧਿਆਣਾ।
(੭) ਭਾਈ ਗੁਰਦਿਆਲ ਸਿੰਘ ਜੀ ਪਿੰਡ ਮੋਦੇ ਜ਼ਿਲਾ ਅੰਮ੍ਰਿਤਸਰ।
(੮) ਭਾਈ ਅਮਰੀਕ ਸਿੰਘ ਜੀ ਪਿੰਡ ਖਜਾਲਾ ਜ਼ਿਲਾ ਅੰਮ੍ਰਿਤਸਰ।
(੯) ਭਾਈ ਧਰਮਬੀਰ ਸਿੰਘ ਜੀ ਸਪੁਤਰ ਮਿਸਤ੍ਰੀ ਲਾਲ ਸਿੰਘ ਜੀ, ਅਜੀਤ ਨਗਰ ਅੰਮ੍ਰਿਤਸਰ।
(੧੦) ਭਾਈ ਕੇਵਲ ਸਿੰਘ ਜੀ, ਪ੍ਰੇਮ ਗੜ੍ਹ ਜ਼ਿਲਾ ਹੁਸ਼ਿਆਰਪੁਰ।
(੧੧) ਭਾਈ ਹਰੀ ਸਿੰਘ ਜੀ ਸਪੁਤਰ ਭਾਈ ਗੁਰਚਰਨ ਸਿੰਘ ਜੀ, ਕੋਟ ਰਲਿਆ ਰਾਮ, ਅੰਮ੍ਰਿਤਸਰ।
(੧੨) ਭਾਈ ਰਣਬੀਰ ਸਿੰਘ ਜੀ ਫ਼ੌਜੀ, ਪਿੰਡ ਮਹਿਤਾ ਜ਼ਿਲਾ ਅੰਮ੍ਰਿਤਸਰ।
(੧੩) ਭਾਈ ਦਰਸ਼ਨ ਸਿੰਘ ਜੀ ਪਿੰਡ ਮਹਿਤਾ ਜ਼ਿਲਾ ਅੰਮ੍ਰਿਤਸਰ।

[redacted]



www.AKJ.Org

ਜ਼ਖ਼ਮੀ ਹੋਇਆਂ ਵਿਚੋਂ ਹੇਠ ਲਿਖੇ ਗੁਰਮੁਖ ਅਜੇ ਤਕ ਹਸਪਤਾਲ ਵਿਚ ਹਨ :—

( ੧ ) ਭਾਈ ਰਾਜਿੰਦਰ ਸਿੰਘ ਜੀ ਸਪੁਤਰ ਭਾਈ ਸਵਰਨ ਸਿੰਘ ਜੀ ਪਿੰਡ ਸਾਰਸਪੁਰਾ ਡਾਕਖ਼ਾਨਾ ਭੁਮਲੀ

( ੨ ) ਭਾਈ ਹਰਨਾਮ ਸਿੰਘ ਜੀ ਸਪੁਤਰ ਭਾਈ ਪਾਲ ਸਿੰਘ ਜੀ ਪਿੰਡ ਤੇ ਡਾ: ਭਿਖੀਵਿੰਡ (ਅੰਮ੍ਰਿਤਸਰ)

( ੩ ) ਗਿਆਨੀ ਭਗਵਾਨ ਸਿੰਘ ਜੀ ਸਪੁਤਰ ਭਾਈ ਇੰਦਰ ਸਿੰਘ ਜੀ, ਗੁਰੂ ਨਾਨਕ ਪੁਰਾ, ਗਲੀ ਨੰ: ੩, ਸ੍ਰੀ ਅੰਮ੍ਰਿਤਸਰ ।

( ੪ ) ਗਿਆਨੀ ਹਜ਼ਾਰਾ ਸਿੰਘ ਜੀ ਡੀ. ਐਸ. ਪੀ. (ਰੀਟਾਇਰ), ਗੁਰਦਾਸਪੁਰ ।

( ੫ ) ਭਾਈ ਅਮੋਲਕ ਸਿੰਘ ਜੀ ਸਪੁਤਰ ਭਾਈ ਨਿਰੰਜਨ ਸਿੰਘ ਜੀ, ਮਕਾਨ ਨੰਬਰ ੪੪੩੩, ਰਣਜੀਤਪੁਰਾ, ਗਲੀ ਨੰਬਰ ੪, ਪੁਤਲੀਘਰ, ਸ੍ਰੀ ਅੰਮ੍ਰਿਤਸਰ

( ੬ ) ਭਾਈ ਇਕਬਾਲ ਸਿੰਘ ਜੀ ਸਪੁਤਰ ਭਾਈ ਅਵਤਾਰ ਸਿੰਘ ਜੀ, ਖੁਡਾ ਕੁਰਾਲਾ (ਹੁਸ਼ਿਆਰਪੁਰ)

( ੭ ) ਭਾਈ ਗੁਰਦਿਆਲ ਸਿੰਘ ਜੀ ਸਪੁਤਰ ਭਾਈ ਗੁਰਚਰਨ ਸਿੰਘ ਜੀ, ੩੫੫-ਗੁਰੂ ਅਰਜਨ ਦੇਵ ਨਗਰ ਸ੍ਰੀ ਅੰਮ੍ਰਿਤਸਰ।

( ੮ ) ਭਾਈ ਨਿੱਕਾ ਸਿੰਘ ਜੀ ਸਪੁਤਰ ਭਾਈ ਸਵਰਨ ਸਿੰਘ ਜੀ, ਪਿੰਡ ਧੀਰੇ ਮਾਜਰਾ, ਡਾ: ਪੰਜੋਖੜਾ(ਅੰਬਾਲਾ)

( ੯ ) ਭਾਈ ਗੁਰਬਚਨ ਸਿੰਘ ਜੀ ਸਪੁਤਰ ਭਾਈ ਅਵਤਾਰ ਸਿੰਘ ਜੀ, ਨੌਸ਼ਹਿਰਾ ਪੰਨੂਆਂ, ਤਸੀਲ ਤਰਨ ਤਾਰਨ (ਅੰਮ੍ਰਿਤਸਰ)

(੧੦) ਭਾਈ ਬਚਿਤਰ ਸਿੰਘ ਜੀ ਸਪੁਤਰ ਭਾਈ ਚੰਨਣ ਸਿੰਘ, ਪਿੰਡ ਤੇ ਡਾਕਖਾਨਾ ਠਠੀ ਖਾਰਾ, ਨੇੜੇ ਤਰਨ ਤਾਰਨ (ਅੰਮ੍ਰਿਤਸਰ)

(੧੧) ਭਾਈ ਮੋਹਰ ਸਿੰਘ ਜੀ ਸਪੁਤਰ ਭਾਈ ਲਛਮੀ ਚੰਦ ਜੀ, ਪਿੰਡ ਸੂਰਾ ਪਤਾ, ਡਾ: ਨੰਗਲ (ਅੰਮ੍ਰਿਤਸਰ)

(੧੨) ਭਾਈ ਨਿਰਮਲ ਸਿੰਘ ਜੀ ਸਪੁਤਰ ਭਾਈ ਸੂਰਤ ਸਿੰਘ ਜੀ, ਪਿੰਡ ਤੇ ਡਾ: ਮੀਆਂ ਭਾਗੀ ਪੁਰਾ (ਕਪੂਰਥਲਾ)

(੧੩) ਭਾਈ ਗੁਰਦੀਪ ਸਿੰਘ ਜੀ ਸਪੁਤਰ ਭਾਈ ਗੁਰਨਾਮ ਸਿੰਘ ਜੀ, ਪਿੰਡ ਤੇ ਡਾ: ਚਕਰ (ਲੁਧਿਆਣਾ)

(੧੪) ਭਾਈ ਗੋਪਾਲ ਸਿੰਘ ਜੀ ਸਪੁਤਰ ਭਾਈ ਸੁਚਾ ਸਿੰਘ ਜੀ,ਪਿੰਡ ਤੇ ਡਾ: ਮਜੀਠਾ (ਅੰਮ੍ਰਿਤਸਰ)

(੧੫) ਭਾਈ ਮੰਗਲ ਸਿੰਘ ਜੀ ਸਪੁਤਰ ਭਾਈ ਦਾਰਾ ਸਿੰਘ ਜੀ, ਪਿੰਡ ਤੇ ਡਾ: ਮੋਦੇ (ਅੰਮ੍ਰਿਤਸਰ)

(੧੬) ਭਾਈ ਗੁਲਜ਼ਾਰ ਸਿੰਘ ਜੀ ਸਪੁਤਰ ਭਾਈ ਸੋਹਣ ਸਿੰਘ ਜੀ, ਪਿੰਡ ਤੇ ਡਾ: ਵੱਲਾ (ਅੰਮ੍ਰਿਤਸਰ)

੧੭) ਭਾਈ ਕੁਲਦੀਪ ਸਿੰਘ ਜੀ ਸਪੁਤਰ ਭਾਈ ਬਚਨ ਸਿੰਘ ਜੀ, ਪਿੰਡ ਮੁੱਛਲ, ਤਸੀਲ ਬਾਬਾ ਬਕਾਲਾ (ਅੰਮ੍ਰਿਤਸਰ)

(੧੮) ਭਾਈ ਨਰਿੰਦਰ ਸਿੰਘ ਜੀ ਸਪੁਤਰ ਭਾਈ ਚਰਨ ਸਿੰਘ ਜੀ, ਖ਼ਾਲਸਾ ਫ਼ਾਰਮ (ਗੁਰਦਾਸਪੁਰ)

ਅਖੰਡ ਕੀਰਤਨੀ ਜੱਥਾ ਅਤੇ ਭਿੰਡਰਾਂ ਵਾਲਾ ਜੱਥਾ ਦੋਵੇਂ ਜੱਥੇ ਨਿਰੋਲ ਧਾਰਮਿਕ ਤੇ ਨਾਮ ਬਾਣੀ ਦੇ ਰਸੀਏ ਹਨ । ਇਹਨਾਂ ਦਾ ਮੁਖ ਨਿਸ਼ਾਨਾ ਸ੍ਰੀ ਗੁਰੁ ਗ੍ਰੰਥ ਸਾਹਿਬ ਨੂੰ ਪਰਗਟ ਗੁਰਾਂ ਕੀ ਦੇਹ ਜਾਣ ਕੇ ਸਤਿਕਾਰ ਕਰਨਾ ਅਤੇ ਮਨ ਬਚਨ ਕਰਮ ਕਰਕੇ ਉਹਨਾਂ ਦੇ ਬਚਨਾਂ ਨੂੰ ਜੀਵਨ ਵਿਚ ਢਾਲਣਾ ਹੈ । ਆਪਣੇ ਪ੍ਰਾਣਾਂ ਤੋਂ ਪਿਆਰੇ ਸਤਿਗੁਰੂ ਜੀ ਦਾ ਅਪਮਾਨ ਸਹਿਨ ਕਰਨਾ ਉਹਨਾਂ ਲਈ ਮਰ ਜਾਣ ਤੁੱਲ ਹੈ, ਤੇ ਇਸ ਅਪਮਾਨ ਨੂੰ ਰੋਕਣ ਲਈ ਉਹ ਕੋਈ ਵੀ ਕੁਰਬਾਨੀ ਕਰਨ ਤੋਂ ਸੰਕੋਚ ਨਹੀਂ ਕਰਦੇ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਕਾਇਮ ਰਖਣ ਲਈ ਉਹ ਜਦੋ ਜਿਹਦ ਕਰਦੇ ਆ ਰਹੇ ਹਨ ।



www.AKJ.Org

ਇਸ ਸ਼ਰਾਰਤੀ ਤੇ ਨਕਲੀ ਨਿਰੰਕਾਰੀ ਹਤਿਆਰੇ ਵਲੋਂ ਸਤਿਗੁਰਾਂ ਦਾ ਅਪਮਾਨ ਰੋਕਣ ਲਈ ਹਰ ਕੁਰ-ਬਾਨੀ ਦਿੰਦੇ ਰਹਿਣਗੇ। ਇਹ ਕੇਂਦਰੀ ਸਰਕਾਰ ਦਾ ਵੀ ਪ੍ਰਮੁਖ ਫ਼ਰਜ਼ ਬਣਦਾ ਹੈ ਕਿ ਇਸ ਅਪਰਾਧੀ ਨੂੰ ਦੇਸ਼ ਦਾ ਅਮਨ ਭੰਗ ਕਰਨ ਤੋਂ ਫ਼ੌਰਨ ਵਰਜੇ, ਨਹੀਂ ਤਾਂ ਇਹ ਮਹਾਂ-ਕਾਤਲ ਦੇਸ਼ ਵਿਚ ਬੇ-ਚੈਨੀ ਅਤੇ ਬਦ-ਅਮਨੀ ਪੈਦਾ ਕਰਦਾ ਰਹੇਗਾ।

ਸੋ ਇਹ ਖ਼ੂਨੀ ਸਾਕਾ ਵਰਤਣ ਉਤੇ ਇਹਨਾਂ ਦੋਹਾਂ ਜੱਥਿਆਂ ਦੀ ਇਹ ਮੰਗ ਹੈ ਕਿ:—

(੧) ਨਕਲੀ ਨਿਰੰਕਾਰੀ ਆਗੂ ਨੂੰ ਕਤਲੇ-ਆਮ ਕਰਵਾਉਣ ਦੀ ਗਿਣੀ ਮਿਥੀ ਸਾਜ਼ਸ਼ ਕਰਨ ਦੇ ਦੋਸ਼ ਵਿਚ ਗ੍ਰਿਫ਼ਤਾਰ ਕਰ ਕੇ ਕਾਨੂੰਨੀ ਕਾਰਵਾਈ ਕੀਤੀ ਜਾਵੇ।

(੨) ਕਿਸੇ ਵੀ ਵਿਅਕਤੀ ਨੂੰ, ਜੋ ਸਿਖ ਗੁਰੂ ਸਾਹਿਬਾਨ ਤੇ ਸਿਖ ਧਰਮ ਵਿਰੁਧ ਬੋਲੇ, ਉਸ ਨੂੰ ਤੁਰਤ ਕਰੜੇ ਹਥੀਂ ਨਿਪਟਿਆ ਜਾਵੇ।

(੩) ਦੋਸ਼ੀ ਅਧਿਕਾਰੀਆਂ ਵਿਰੁਧ ਮੁਕੱਦਮੇ ਚਲਾ ਕੇ ਕਾਨੂੰਨੀ ਕਾਰਵਾਈ ਕੀਤੀ ਜਾਵੇ। ਉਹਨਾਂ ਨੂੰ ਕੇਵਲ ਤਬਦੀਲ ਕਰਨ ਜਾਂ ਮੁਅਕਲ ਕਰਨ ਨਾਲ ਉਹਨਾਂ ਦੇ ਦੋਸ਼ ਦੀ ਯੋਗ ਸਜ਼ਾ ਨਹੀਂ ਹੈ।

੧੩ ਸ਼ਹੀਦ ਸਿੰਘਾਂ ਦਾ ਅੰਤਮ ਸੰਸਕਾਰ ਮਿਤੀ ੧੫-੪-੭੮ ਸਨਿਚਰਵਾਰ ਪੰਥਕ ਸਨਮਾਨ ਨਾਲ ਗੁਰਦਵਾਰਾ ਸ੍ਰੀ ਰਾਮਸਰ ਸਾਹਿਬ ਦੇ ਸਾਹਮਣੇ ਖੁਲ੍ਹੇ ਪੰਡਾਲ ਵਿਚ ਕੀਤਾ ਗਿਆ। ਉਹਨਾਂ ਦੀਆਂ ਅਰੱਥੀਆਂ ਦੇ ਅੰਤਮ ਜਲੂਸ ਵਿਚ ੨੫-੩੦ ਹਜ਼ਾਰ ਦੀ ਗਿਣਤੀ ਵਿਚ ਸਿਖ ਸੰਗਤਾਂ ਸ਼ਾਮਲ ਹੋਈਆਂ।

ਇਸ ਸੰਬੰਧ ਵਿਚ ਸ: ਗੁਰਚਰਨ ਸਿੰਘ ਜੀ ਟੌਹੜਾ ਪ੍ਰਧਾਨ ਸ਼੍ਰੋ: ਗੁ: ਪ੍ਰ: ਕਮੇਟੀ ਨੇ ਹੇਠ ਲਿਖਿਆ ਪ੍ਰੈਸ-ਨੋਟ ਜਾਰੀ ਕੀਤਾ ਹੈ:—

## ੨੨ ਅਪ੍ਰੈਲ ਨੂੰ ਸੰਗਤਾਂ ਮੰਜੀ ਸਾਹਿਬ ਪੁੱਜਣ—ਪ੍ਰਧਾਨ ਸ਼੍ਰੋਮਣੀ ਕਮੇਟੀ ਵਲੋਂ ਵਿਸ਼ੇਸ਼ ਬੇਨਤੀ—

ਅੰਮ੍ਰਿਤਸਰ ੧੭ ਅਪ੍ਰੈਲ—ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰੈਸ-ਨੋਟ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ: ਗੁਰਚਰਨ ਸਿੰਘ ਜੀ ਟੌਹੜਾ ਐਮ. ਪੀ. ਨੇ ਆਪਣੇ ਬਿਆਨਾਂ ਵਿਚ ਦਸਿਆ ਹੈ ਕਿ ਅੰਮ੍ਰਿਤਸਰ ਦੇ ਖ਼ੂਨੀ ਸਾਕੇ 'ਚ ਸ਼ਹੀਦ ਹੋਏ ਸਿੰਘਾਂ ਦੀ ਯਾਦ ਵਿਚ ਦੀਵਾਨ-ਹਾਲ ਗੁ: ਸ੍ਰੀ ਮੰਜੀ ਸਾਹਿਬ ਵਿਖੇ ੨੦ ਅਪ੍ਰੈਲ ਨੂੰ ਅਖੰਡ ਪਾਠ ਆਰੰਭ ਹੋਵੇਗਾ ਅਤੇ ੨੨ ਅਪ੍ਰੈਲ ਨੂੰ ਭੋਗ ਪਾਇਆ ਜਾਵੇਗਾ। ਸਮੂਹ ਸੰਗਤਾਂ ਇਸ ਮੌਕੇ ਤੇ ਪੁਜ ਕੇ ਸ਼ਹੀਦਾਂ ਦੀ ਅੰਤਮ ਅਰਦਾਸ ਵਿਚ ਸ਼ਾਮਲ ਹੋਣ।

## ੨੨ ਅਪ੍ਰੈਲ ਨੂੰ ਸਿਖ ਸੰਸਾਰ ਸ਼ੋਕ ਦਿਨ ਮਨਾਏ—ਪ੍ਰਧਾਨ ਸ਼੍ਰੋ: ਕਮੇਟੀ ਦਾ ਐਲਾਨ—

ਅੰਮ੍ਰਿਤਸਰ ੧੭ ਅਪ੍ਰੈਲ—ਸ: ਗੁਰਚਰਨ ਸਿੰਘ ਜੀ ਟੌਹੜਾ ਐਮ. ਪੀ. ਪ੍ਰਧਾਨ ਸ਼੍ਰੋਮਣੀ ਕਮੇਟੀ ਨੇ ਸਮੂੰਹ ਸਿੰਘ ਸਭਾਵਾਂ, ਸਿੱਖ ਸੰਪਰਦਾਵਾਂ ਤੇ ਸਿੱਖ ਸੁਸਾਇਟੀਆ ਅਗੇ ਅਪੀਲ ਕੀਤੀ ਹੈ ਕਿ ਉਹ ਅੰਮ੍ਰਿਤਸਰ ਵਿਚ ਵਾਪਰੇ ਖ਼ੂਨੀ ਸਾਕੇ ਵਿਚ ਹੋਏ ਸ਼ਹੀਦਾਂ ਦੀ ਯਾਦ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਥਾਂ ਥਾਂ ਗੁਰਦੁਆਰਾ ਸਾਹਿਬਾਨ ਵਿਖੇ ੨੦ ਅਪ੍ਰੈਲ ਨੂੰ ਅਖੰਡਪਾਠ ਰਖਵਾਉਣ ਅਤੇ ੨੨ ਅਪ੍ਰੈਲ ਨੂੰ ਭੋਗ ਸਮੇਂ ਇਹ ਅਰਦਾਸ ਕਰਨ ਕਿ ਜਿਸ ਮਿਸ਼ਨ ਨੂੰ ਲੈ ਕੇ ਇਹਨਾਂ ਸ਼ਹੀਦਾਂ ਨੇ ਸਾਡਾ ਪੱਥ-ਪਰਦਰਸ਼ਨ ਕੀਤਾ ਹੈ ਉਸੇ ਮਾਰਗ ਤੇ ਚਲਦਿਆਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਦਵੀ ਬਰਕਰਾਰ ਰਖਦਿਆਂ ਇਸ ਮਿਸ਼ਨ ਦੀ ਪਾਲਣਾ ਕਰਨ ਦਾ ਪੰਥ ਨੂੰ ਬਲ ਮਿਲੇ। ਅਧਿਆਤਮਕ ਅਗਵਾਈ ਕਰਨ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਪਤੀ ਕਰਨ ਵਾਲੇ ਹਮੇਸ਼ਾਂ ਨਰਕ ਦੇ ਭਾਗੀ ਬਣਦੇ ਹਨ। ਸ: ਗੁਰਚਰਨ ਸਿੰਘ ਜੀ ਟੌਹੜਾ ਨੇ ਇਹ ਵੀ ਕਿਹਾ ਕਿ ਹੁਣ ਲੋੜ ਹੈ ਕਿ



www.AKJ.Org

ਸਾਰਾ ਸਿੱਖ ਸੰਸਾਰ ਇਸ ਹਿਰਦੇ-ਵੇਧਕ ਖ਼ੂਨੀ ਸਾਕੇ ਦੀ ਰਹਿਨੁਮਾਈ ਹੇਠ ਨਕਲੀ ਨਿਰੰਕਾਰੀਆਂ ਵਿਰੁੱਧ ਡੱਟ ਜਾਵੇ।

**ਛੇਤੀ ਹੀ ਸਿੱਖ ਸੰਪਰਦਾਵਾਂ ਦਾ ਇਕੱਠ ਬੁਲਾ ਰਹੇ ਹਾਂ—**

ਅੰਮ੍ਰਿਤਸਰ ੧੭ ਅਪ੍ਰੈਲ—ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਪ੍ਰਧਾਨ ਸ: ਗੁਰਚਰਨ ਸਿੰਘ ਜੀ ਟੌਹੜਾ ਐਮ.ਪੀ. ਨੇ ਦਸਿਆ ਹੈ ਕਿ ਉਹ ਜਲਦੀ ਹੀ ਸਮੂੰਹ ਸਿੱਖ ਸੰਪਰਦਾਵਾਂ, ਸਿੱਖ ਸੁਸਾਇਟੀਆਂ ਅਤੇ ਸਿੰਘ ਸਭਾਵਾਂ ਦੇ ਮੁਖੀਆਂ ਦਾ ਇਕੱਠ ਬੁਲਾ ਰਹੇ ਹਨ, ਜਿਸ ਵਿਚ ਨਿਰੰਕਾਰੀਆਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੀਤੀ ਜਾ ਰਹੀ ਬੇਪਤੀ ਬਾਰੇ ਵਿਚਾਰਾਂ ਕੀਤੀਆਂ ਜਾਣਗੀਆਂ। ਇਸ ਦਾ ਐਲਾਨ ਸ: ਗੁਰਚਰਨ ਸਿੰਘ ਜੀ ਟੌਹੜਾ ੨੨ ਅਪ੍ਰੈਲ ਨੂੰ ਸ੍ਰੀ ਮੰਜੀ ਸਾਹਿਬ ਵਿਖੇ ਕਰਨਗੇ।

ਮਿਤੀ ੧੭-੪-੭੮ ਦਿਨ ਸੋਮਵਾਰ ੧੩ ਸਿੰਘਾਂ ਦੇ ਸਮੁਚੇ ਅੰਗੀਠੇ ਇਕੱਠੇ ਕਰ ਕੇ, ਉਨ੍ਹਾਂ ਦਾ ਗੁਰਮਤਿ ਰਹੁ-ਰੀਤ ਅਨੁਸਾਰ ਨੇੜੇ ਵਗਦੇ ਬਿਆਸ ਦਰਿਆ ਵਿਚ ਪੰਥਕ ਸਨਮਾਨ ਨਾਲ ਪ੍ਰਵਾਹ ਕੀਤਾ ਗਿਆ। ਅੰਗੀਠਿਆਂ ਦੀ ਵਿਦਾਇਗੀ ਦੀ ਅਰਦਾਸ ਜਥੇਦਾਰ ਜਗਦੇਵ ਸਿੰਘ ਜੀ ਤਲਵੰਡੀ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੇ ਕਰੁਣਾ ਰਸ ਵਿਚ ਕੀਤੀ ਅਤੇ ਜਲ-ਪ੍ਰਵਾਹ ਕਰਨ ਸਮੇਂ ਅਰਦਾਸ ਸ: ਗੁਰਚਰਨ ਸਿੰਘ ਜੀ ਟੌਹੜਾ ਪ੍ਰਧਾਨ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਸਜਲ ਨੇਤਰਾਂ ਨਾਲ ਕੀਤੀ। ਟੌਹੜਾ ਸਾਹਿਬ ਨੇ ਅਕਾਲ ਪੁਰਖ ਅਗੇ ਜੋਦੜੀ ਕੀਤੀ ਕਿ ਸਤਿਗੁਰਾਂ ਦੇ ਸਨਮਾਨ ਨੂੰ ਕਾਇਮ ਰਖਣ ਲਈ ਅਤੇ ਸਿਖ ਧਰਮ ਦੀ ਆਨ ਸ਼ਾਨ ਬਰਕਰਾਰ ਰਖਣ ਲਈ 'ਗੁਰ ਕੀ ਨਿੰਦਾ ਸੁਨੈ ਨਾ ਕਾਨ' ਵਾਕ ਅਨੁਸਾਰ ਜਿਨ੍ਹਾਂ ੧੩ ਕੌਮੀ ਸ਼ਹੀਦਾਂ ਨੇ ਹਸ ਹਸ ਆਪਣੀਆਂ ਜਾਨਾਂ ਘੋਲ ਘੁਮਾਈਆਂ, ਉਹਨਾਂ ਦੀ ਘਾਲ ਥਾਏਂ ਪਵੇ ਅਤੇ ਪੰਥ ਨੂੰ ਉਹਨਾਂ ਵਲੋਂ ਦਿਖਾਏ ਗਏ ਰਾਹ ਤੇ ਤੁਰ ਕੇ ਪੰਥਕ ਆਨ ਸ਼ਾਨ ਨੂੰ ਕਾਇਮ ਰਖਣ ਦਾ ਬਲ ਮਿਲੇ। ਟੌਹੜਾ ਸਾਹਿਬ ਨੇ ਅਰਦਾਸ ਵਿਚ ਸਤਿਗੁਰਾਂ ਦਾ ਸ਼ੁਕਰਾਨਾ ਕੀਤਾ ਕਿ ਉਹਨਾਂ ਦੇ ਪਿਆਰੇ ਸ਼ਹੀਦਾਂ ਨੇ ਜਿਥੇ ਸਾਨੂੰ ਕੁਰਬਾਨੀ ਦਾ ਰਾਹ ਦਿਖਾਇਆ ਹੈ ਉਥੇ ਬ੍ਰਾਹਮਣੀ ਰਹੁ-ਰੀਤ ਦੀ ਜਿਲ੍ਹਣ ਵਿਚੋਂ ਕਢ ਕੇ ਤੱਤ-ਗੁਰਮਤਿ ਦੇ ਰਾਹ ਤੋਰਿਆਂ ਹੈ ਕਿ ਗੁਰਸਿਖਾਂ ਦੇ ਅੰਗੀਠਿਆਂ ਨੂੰ ਨੇੜੇ ਵਗਦੇ ਜਲ ਵਿਚ ਪ੍ਰਵਾਹ ਕੀਤਾ ਜਾਵੇ।

ਅੰਤ ਵਿਚ ਅੰਮ੍ਰਿਤਸਰ ਵਿਚ ੨੦-੪-੭੮ ਤੋਂ ੨੩-੪-੭੮ ਸਵੇਰ ਤਕ ਹੋ ਰਹੇ ਪੰਥਕ ਸਮੇਲਨ ਤੇ ਅਰਦਾਸ ਦਿਵਸ ਦਾ ਪ੍ਰੋਗਰਾਮ ਦਾ ਵੇਰਵਾ ਇਸ ਪ੍ਰਕਾਰ ਹੈ :—

**੨੨ ਅਪ੍ਰੈਲ ਸ਼ਨਿਚਰਵਾਰ (ਦੀਵਾਨ ਹਾਲ ਮੰਜੀ ਸਾਹਿਬ, ਅੰਮ੍ਰਿਤਸਰ)**

| | |
|---|---|
| ਭੋਗ ਸ੍ਰੀ ਅਖੰਡਪਾਠ ਸਾਹਿਬ | ਦਿਨੇ ੧੦—੦੦ |
| ਗੁਰਬਾਣੀ ਕੀਰਤਨ | ੧੦—੦੦ ਤੋਂ ੧੨—੦੦ |
| ਪੰਥਕ ਹਸਤੀਆਂ ਵਲੋਂ ਸ਼ਹੀਦਾਂ ਪ੍ਰਤੀ ਸ਼ਰਧਾ ਦੇ ਫੁਲ ਤੇ ਅਰਦਾਸ | ੧੨—੦੦ ਤੋਂ ਉਪਰੰਤ |

**੨੨ ਅਪ੍ਰੈਲ ਸ਼ਨਿਚਰਵਾਰ ਰਾਤ ਸ੍ਰੀ ਅਕਾਲ ਤਖ਼ਤ ਸਾਹਿਬ**

| | |
|---|---|
| ਅਖੰਡ ਕੀਰਤਨੀ ਜੱਥਿਆਂ ਵਲੋਂ ਰੈਣ ਸਬਾਈ ਕੀਰਤਨ ਦਾ ਅਰੰਭ | ਰਾਤ ੭—੩੦ |

ਰੈਣ ਸਬਾਈ ਕੀਰਤਨ ਦੀ ਸਮਾਪਤੀ ਤੇ ਆਸਾ ਦੀ ਵਾਰ ਤੋਂ ਉਪਰੰਤ

ਸਹਿਜ ਪਾਠ ਦਾ ਭੋਗ ੨੩ ਅਪ੍ਰੈਲ ਐਤਵਾਰ ਸਵੇਰੇ ੬—੩੦

ਉਪਰੰਤ ਅਰਦਾਸ



www.AKJ.Org

੨੨–੪–੭੮ ਦਿਨ ਤੇ ਰਾਤ ਦੇ ਸਮਾਗਮ ਵਿਚ ਸ੍ਰੀ ਅੰਮ੍ਰਿਤਸਰ ਪੁਜ ਕੇ ਸ਼ਾਮਲ ਹੋਣਾ ਹਰੇਕ ਗੁਰਸਿਖ ਦਾ ਫ਼ਰਜ਼ ਬਣਦਾ ਹੈ।

ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਆਪਣੇ ਫ਼ਰਜ਼ ਦੀ ਪਛਾਣ ਕਰਦਿਆਂ ਥਾਉਂ ਥਾਈਂ ਵੀ ਸ਼ਹੀਦਾਂ ਨਮਿਤ ਸ੍ਰੀ ਅਖੰਡ ਪਾਠ ਅਤੇ ਕੀਰਤਨ ਸਮਾਗਮ ਕਰ ਕੇ ਅਰਦਾਸ ਕੀਤੀ ਜਾਵੇ, ਉਹਨਾਂ ਦੀ ਘਾਲ ਥਾਏਂ ਪਵੇ ਅਤੇ ਖਾਲਸਾ ਪੰਥ ਨੂੰ ਗੁਰੂ ਸਾਹਿਬਾਨ ਅਤੇ ਪੰਥਕ ਆਨ ਸ਼ਾਨ ਕਾਇਮ ਰਖਣ ਲਈ ਤੱਤਪਰ ਰਹਿਣ ਦਾ ਬਲ ਮਿਲੇ। ਲਾ-ਪਤਾ ਵਿਅਕਤੀਆਂ ਦੀ ਸੂਚਨਾ ਤੇ ਵੇਰਵਾ 'ਸੂਰਾ' ਮਾਸਕ ਪੱਤਰ ਦੇ ਐਡਰੈਸ ਤੇ ਤੁਰਤ ਦਿਤੀ ਜਾਵੇ।

---

**ਭੁਲ ਦੀ ਸੋਧ :–** ਸਫ਼ਾ ੪, ਸ਼ਹੀਦਾਂ ਦੀ ਲਿਸਟ ਵਿਚ ਭਾਈ ਫ਼ੌਜਾ ਸਿੰਘ ਜੀ ਦੇ ਪਿਤਾ ਦਾ ਨਾਂ ਭਾਈ ਅਮਰ ਸਿੰਘ ਗਲਤ ਛਪ ਗਿਆ ਹੈ। ਉਥੇ ਠੀਕ ਨਾਂ ਭਾਈ ਸੁਰੈਣ ਸਿੰਘ ਪੜ੍ਹੋ ਜੀ।

---

## ਸ਼ਹੀਦ ਸਿੰਘਾਂ ਦੇ ਪਰਵਾਰਾਂ ਪ੍ਰਤੀ ਬੇਨਤੀ

ਵੈਸਾਖੀ ਵਾਲੇ ਦਿਨ ਹੋਏ ਖ਼ੂਨੀ ਸਾਕੇ ਦੇ ਸ਼ਹੀਦ ਸਿੰਘਾਂ ਦੇ ਸਮਾਚਾਰ 'ਸੂਰਾ' ਮਾਸਕ ਪੱਤਰ ਦੇ ਆਉਂਦੇ ਮਈ ਦੇ ਪਰਚੇ ਵਿਚ ਛਾਪਣ ਦਾ ਜਤਨ ਕੀਤਾਂ ਜਾ ਰਿਹਾ ਹੈ। ਸੋ ਸ਼ਹੀਦ ਸਿੰਘਾਂ ਦੇ ਪਰਵਾਰਾਂ ਪ੍ਰਤੀ ਬੇਨਤੀ ਹੈ ਕਿ ਉਹ ਸ਼ਹੀਦ ਸਿੰਘਾਂ ਦੇ ਬਾਰੇ ਹੇਠ ਲਿਖੀ ਵਾਕਫ਼ੀ ਬਹੁਤ ਛੇਤੀ ਭੇਜ ਕੇ ਧੰਨਵਾਦੀ ਬਣਾਉਣ :–

ਸ਼ਹੀਦ ਦੀ ਉਮਰ, ਮਾਤਾ ਪਿਤਾ ਦੇ ਨਾਂ, ਜਨਮ ਦੀ ਥਾਂ, ਕੰਮ ਕਾਰ, ਪਰਵਾਰ ਦਾ ਵੇਰਵਾ ਤੇ ਭੈਣ ਭਰਾ, ਅਨੰਦ ਕਾਰਜ ਕਦੋਂ ਹੋਇਆ, ਵਿਦਿਆ, ਅੰਮ੍ਰਿਤ ਕਦ ਕਿਥੇ ਛਕਿਆ, ਜੀਵਨ ਦੀਆਂ ਕੋਈ ਖ਼ਾਸ ਘਟਨਾਵਾਂ, ਪੂਰਾ ਪਤਾ, ਤੇ ਹੋਰ ਕੋਈ ਦਸਣ ਵਾਲੀ ਗੱਲ। ਇਸ ਦੇ ਨਾਲ ਹੀ ਸ਼ਹੀਦ ਸਿੰਘ ਦੀ ਫ਼ੋਟੋ ਜ਼ਰੂਰ ਭੇਜੋ ਜੀ, ਜਿਹੜੀ ਵੀ ਅਖ਼ੀਰਲੀ ਹੋਵੇ।

ਇਹ ਨੋਟ ਪੜ੍ਹਦਿਆਂ ਸਾਰ ਉਚੇਚਾ ਪਰਬੰਧ ਕਰ ਕੇ ਸਭ ਕੁਝ ਭੇਜਣ ਦੀ ਕਿਰਪਾ ਕਰੋ ਜੀ।

ਦਾਸ–ਮੈਨੇਜਰ 'ਸੂਰਾ' ਮਾਸਕ ਪਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ।

## ਆਉਂਦਾ ਮਈ ਦਾ ਪਰਚਾ

ਬਹੁਤ ਰੁਝੇਵਿਆਂ ਕਾਰਨ ਮਈ ਦਾ ਪਰਚਾ ਪਹਿਲੀ ਤਰੀਕ ਦੀ ਥਾਂ ਪੰਦਰ੍ਹਾਂ ਮਈ ਨੂੰ ਡਾਕੇ ਪਾਇਆ ਜਾ ਸਕੇਗਾ। ਪਾਠਕ ਨੋਟ ਕਰ ਲੈਣ ਅਤੇ ਪਰਚਾ ਨਾ ਪਹੁੰਚਣ ਬਾਰੇ ੨੦ ਮਈ ਤੋਂ ਪਹਿਲਾਂ ਪਤਰ ਨਾ ਪਾਉਣ।

ਹੇਮਕੁੰਡ ਪ੍ਰਿੰਟਿੰਗ ਪ੍ਰੈਸ, ਬਜ਼ਾਰ ਨੰ: ੬, ਕੋਟ ਬਾਬਾ ਦੀਪ ਸਿੰਘ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੨੦-੪-੭੮ ਨੂੰ ਪ੍ਰਕਾਸ਼ਤ ਕੀਤਾ। ਟੈਲੀਫ਼ੋਨ ਨੰਬਰ 5 1 8 4 7



www.AKJ.Org

[ਆਖ਼ਰੀ ੧੦ ਸਫ਼ੇ ਦੀ ਬਾਕੀ]

ਨਹੀਂ ਸਮਝਦੇ ਤੇ ਦੂਜੀ ਔਰਤ ਨੂੰ ਆਪਣੀ ਔਰਤ ਵਾਂਗ ਇਸਤੇਮਾਲ ਕਰਨਾ ਉਹਨਾਂ ਚਿ ਗੁਨਾਹ ਨਹੀਂ ਹੈ !

ਸ: ਕਾਹਨ ਸਿੰਘ ਜੀ ਨਿਰੰਕਾਰੀ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਮੈਂ ਨਿਰੰਕਾਰੀ ਸਿਖਾਂ ਵਲੋਂ ਸੰਤ ਮੰਡਲ ਦੇ ਅਖੌਤੀ ਮੁਖੀ ਨਿਰੰਕਾਰੀ ਗੁਰਬਚਨ ਸਿੰਘ ਤੇ ਉਸਦੇ ਤਨਖਾਹਦਾਰਾਂ ਤੇ ਉਨ੍ਹਾਂ ਦੀ ਲੁਟ-ਖਸੁਟ ਦੇ ਹਿਸੇਦਾਰ ਲੋਕਾਂ ਦੀ ਭਾਰੀ ਨਿੰਦਾ ਕਰਦਾ ਹਾਂ । 'ਅਜੀਤ' 15.4.78

# ਖ਼ੂਨੀ ਸਾਕੇ ਬਾਰੇ ਸੰਤ ਹਰਚੰਦ ਸਿੰਘ ਜੀ ਦਾ ਬਿਆਨ

ਅਕਾਲੀ ਨੇਤਾ ਸਰਦਾਰੇ ਆਜ਼ਮ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਨੇ ਪ੍ਰੈਸ ਦੇ ਨਾਂ ਇਕ ਬਿਆਨ ਰਾਹੀਂ ਅੰਮ੍ਰਿਤਸਰ ਦ ਖ਼ੂਨੀ ਕਾਂਡ, ਜਿਸ ਚਿ ਨਿਰੰਕਾਰੀਆਂ ਹੱਥੋਂ ਵਿਸਾਖੀ ਵਾਲੇ ਦਿਨ 18 ਸਿੰਘ ਸ਼ਹੀਦ ਹੋ ਗਏ ਹਨ, ਤੇ ਡੂੰਘੇ ਦੁਖ ਦਾ ਪ੍ਰਗਟਾਵਾ ਕੀਤਾ ਹੈ ।

ਸੰਤ ਜੀ ਨੇ ਕਿਹਾ ਕਿ ਕਿਸੇ ਵੀ ਦੋਸ਼ੀ ਨੂੰ, ਚਾਹੇ ਉਹ ਨਿਰੰਕਾਰੀ ਹੈ ਤੇ ਚਾਹੇ ਸਰਕਾਰੀ ਅਫ਼ਸਰ, ਮੁਆਫ਼ ਨਹੀਂ ਕੀਤਾ ਜਾਣਾ ਚਾਹੀਦਾ ਅਤੇ ਇਸ ਖ਼ੂਨੀ ਕਾਂਡ ਦੀ ਅਦਾਲਤੀ ਜਾਂਚ ਹੋਣੀ ਚਾਹੀਦੀ ਹੈ ।

ਸੰਤ ਲੌਂਗੋਵਾਲ ਨੇ ਕਿਹਾ ਕਿ ਸਿਖ ਧਰਮ ਵਿਚ ਦੇਹਧਾਰੀ ਗੁਰੂ ਲਈ ਕੋਈ ਥਾਂ ਨਹੀਂ । ਆਪਣੇ ਆਪ ਨੂੰ ਦੇਹਧਾਰੀ ਗੁਰੂ ਅਖਵਾਣ ਵਾਲੇ ਅਤੇ ਉਨ੍ਹਾਂ ਨੂੰ ਮੰਨਣ ਵਾਲੇ ਦੰਭੀ, ਪਖੰਡੀ ਤੇ ਧੋਖੇਬਾਜ਼ ਹਨ । ਸਿਖ ਜਗਤ ਦੇ ਗੁਰੂ ਜੁਗੋ ਜੁਗ ਅਟੱਲ ਅਤੇ ਦਸੋ ਗੁਰੂ ਸਾਹਿਬਾਨ ਦੇ ਆਤਮਿਕ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ।

ਸੰਤ ਜੀ ਨੇ ਕਿਹਾ ਕਿ ਨਿਰੰਕਾਰੀਆਂ ਵਲੋਂ ਸਿਖ ਗੁਰੂ ਸਾਹਿਬਾਨ ਦਾ ਕੀਤਾ ਜਾਂਦਾ ਅਪਮਾਨ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ । ਸਾਨੂੰ ਆਪਣਾ ਧਰਮ ਆਪਣੀਆਂ ਜਾਨਾਂ ਤੋਂ ਵੀ ਪਿਆਰਾ ਹੈ ।

'ਅਜੀਤ' 16.4.78

---

# ਧਨਬਾਦ ਵਿਖੇ ਅਖੰਡ ਕੀਰਤਨ ਸਮਾਗਮ

ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਭਾਰਤ ਭਰ ਦੇ ਅਖੰਡ ਕੀਰਤਨੀ ਜਥਿਆਂ ਵਲੋਂ ਭਾਈ ਸਾਹਿਬ ਜੀ ਦੀ ਜਨਮ-ਸ਼ਤਾਬਦੀ ਦੇ ਸੰਬੰਧ ਵਿਚ ਧਨਬਾਦ ਵਿਖੇ ਵੀਰਵਾਰ ੧੧ ਮਈ ਸਵੇਰ ਤੋਂ ਐਤਵਾਰ ੧੪ ਮਈ ਸਵੇਰ ਤਕ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਕੀਰਤਨ ਸਮਾਗਮ ਹੋ ਰਹੇ ਹਨ—

| | |
|---|---|
| ੧੧ ਮਈ ਸਵੇਰੇ ੫–੦੦ ਤੋਂ ਅਰੰਭ ਕੀਰਤਨ ਆਸਾ ਦੀ ਵਾਰ | ਗੁਰਦੁਆਰਾ ਗੁਰੂ ਨਾਨਕ ਪੁਰਾ |
| ਸ਼ਾਮ ਰਹਿਰਾਸ ਤੇ ਅਖੰਡ ਕੀਰਤਨ | ਗੁਰਦੁਆਰਾ ਸਿੰਧਰੀ |
| ੧੨ ਮਈ ਸਵੇਰੇ ੫–੦੦ ਤੋਂ ਅਰੰਭ ਕੀਰਤਨ ਆਸਾ ਦੀ ਵਾਰ | ਗੁਰਦੁਆਰਾ ਝਰੀਆ |
| ਸ਼ਾਮ ਰਹਿਰਾਸ ਤੇ ਅਖੰਡ ਕੀਰਤਨ | ਗੁਰਦੁਆਰਾ ਕਤਰਾਸ ਰੋਡ |
| ੧੩ ਮਈ ਸਵੇਰੇ ੫–੦੦ ਤੋਂ ਅਰੰਭ ਕੀਰਤਨ ਆਸਾ ਦੀ ਵਾਰ | ਗੁਰਦੁਆਰਾ ਗੁਰੂ ਨਾਨਕਪੁਰਾ |
| ਸ਼ਾਮ ੪–੦੦ ਵਜੇ ਅੰਮ੍ਰਿਤ-ਸਿੰਚਾਰ ਅਰੰਭ | ਗੁਰਦੁਆਰਾ ਕਤਰਾਸ ਰੋਡ |
| ਰਾਤ ੯–੦੦ ਅਰੰਭ ਰੈਣ ਸਬਾਈ ਕੀਰਤਨ, ਤੇ ਸਮਾਪਤੀ ੧੪ ਮਈ ਸਵੇਰੇ | ਗੁ: ਕਤਰਾਸ ਰੋਡ |

ਨੋਟ:—ਸੰਗਤਾਂ ਦੀ ਰਿਹਾਇਸ਼ ਆਦਿ "ਸ਼ਾਸਤਰੀ ਸੱਦਨ", ਧੋਬੀ ਟਾਂਡ, ਧਨਬਾਦ ਮੇਨ ਰੋਡ ਧਰਮਸਾਲਾ ਵਿਖੇ ਹੋਵੇਗੀ

ਪੁਛ ਗਿੱਛ—ਭਾਈ ਮਾਨ ਸਿੰਘ, ਭਾਟੀਆ ਕਲਾਥ ਸਟੋਰ, ਡਿਗਵਾਡੀਹ ਬਜ਼ਾਰ, ਡਾ: ਜਿਆਲਗੋਰਾ, ਧਨਬਾਦ (ਫੋਨ ੬੦੪੩੫)

ਪ੍ਰਾਰਥਕ ਦਾਸਰੇ—ਅਖੰਡ ਕੀਰਤਨੀ ਜੱਥਾ ਧਨਬਾਦ—ਕਲਕੱਤ,

---

ਰੈਣ ਸਬਾਈ ਕੀਰਤਨ—ਲੁਧਿਆਣਾ ਮਹੱਲਾ ਪਰਭਾਤ ਨਗਰ, ਜੀ. ਟੀ. ਰੋਡ, ਨੇੜੇ ਢੋਲੇ ਵਾਲਾ ਚੌਕ—੧੩ ਮਈ ਸ਼ਨੀਵਾਰ ਦੀ ਰਾਤ ਨੂੰ ਹੋਵੇਗੀ :

ਪੁਛ ਗਿਛ—ਮਕੈਨੀਕਲ ਵਰਕਸ (ਫੋਨ 24121) ਲੁਧਿਆਣਾ ਤੇ ਮਾ: ਉਜਾਗਰ ਸਿੰਘ ਫਰਵਾਲੀ

---

ਰੈਣ ਸਬਾਈ ਕੀਰਤਨ—ਪਿੰਡ ਚਮਾਰੂ ਤਸੀਲ ਰਾਜਪੁਰਾ ਗੁਰਦੁਆਰਾ ਸਾਹਿਬ ਵਿਖੇ ੧੩ ਮਈ ਸ਼ਨੀਵਾਰ ਦੀ ਰਾਤ ਨੂੰ ਹੋਵੇਗੀ । ਪਿੰਡ ਚਮਾਰੂ ਅੰਬਾਲਾ ਰੋਡ ਤੇ ਤੀਜੇ ਮੀਲ ਤੇ ਹੈ । ਰਾਜਪੁਰਾ ਬਸ ਸਟੈਂਡ ਤੋਂ ਸਤ ਵਜੇ ਸ਼ਾਮ ਟਰਾਲੀ ਚਮਾਰੂ ਲਈ ਚਲੇਗੀ ।

www.AKJ.Org

### ਸ: ਗੁਰਚਰਨ ਸਿੰਘ ਜੀ ਟੌਹੜਾ ਦਾ ਬਿਆਨ

## ਜਲ੍ਹਿਆਂਵਾਲੇ ਬਾਗ ਦਾ ਸਾਕਾ ਦੁਹਰਾਇਆ ਗਿਆ

ਅੰਮ੍ਰਿਤਸਰ, ੧੪ ਅਪ੍ਰੈਲ–ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਪ੍ਰਧਾਨ ਸ: ਗੁਰਚਰਨ ਸਿੰਘ ਜੀ ਟੌਹੜਾ ਐਮ.ਪੀ.ਨੇ 'ਅਕਾਲੀ ਪਤ੍ਰਕਾ' ਦੇ ਸਟਾਫ਼ ਰੀਪੋਰਟ ਨੂੰ ਉਚੇਚਾ ਇੰਟਰਵੀਊ ਦਿੰਦੇ ਹੋਏ ਕਿਹਾ ਕਿ ਪੁਲੀਸ ਤੇ ਨਿਰੰਕਾਰੀ ਗੁੰਡਿਆਂ ਵਲੋਂ ਸਿੰਘਾਂ ਦਾ ਕਤਲੇ ਆਮ ਕਰ ਕੇ ਜਲ੍ਹਿਆਂ ਵਾਲੇ ਬਾਗ ਦਾ ਇਤਿਹਾਸ ਦੁਹਰਾ ਦਿਤਾ ਗਿਆ। ਸਾਡੇ ਦਿਲ ਗ਼ਮ ਤੇ ਗੁਸੇ ਨਾਲ ਭਰੇ ਹੋਏ ਹਨ। ਜਲ੍ਹਿਆਂ ਵਾਲੇ ਬਾਗ ਵਿਚ ਡੁਲ੍ਹਿਆ ਸ਼ਹੀਦਾਂ ਦਾ ਖ਼ੂਨ ਭੀ ਅਕਾਰਥ ਨਹੀਂ ਸੀ ਗਿਆ, ਉਸ ਨਾਲ ਭਾਰਤ ਦੀ ਅਜ਼ਾਦੀ ਦੇ ਮਹਿਲ ਦੀਆਂ ਨੀਂਹਾਂ ਰਖੀਆਂ ਗਈਆਂ ਸਨ। ਇਨ੍ਹਾਂ ਸ਼ਹੀਦਾਂ ਦਾ ਖ਼ੂਨ ਵੀ ਅਜਾਈਂ ਨਹੀਂ ਜਾਵੇਗਾ। ਇਸ ਨਾਲ ਸਿਖ ਪੰਥ ਦੀਆਂ ਚੜ੍ਹਦੀਆਂ ਕਲਾਂ ਹੋਣਗੀਆਂ ਤੇ ਗੁਰੂ ਨਾਨਕ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰੀਸ ਕਰਨ ਵਾਲੇ ਨਕਲੀਆਂ ਦਾ ਬੇੜਾ ਗਰਕ ਹੋਵੇਗਾ। ਸ: ਗੁਰਚਰਨ ਸਿੰਘ ਜੀ ਟੌਹੜਾ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਉਹਨਾਂ ਦੇ ਪਰਵਾਰਾਂ ਨਾਲ ਹਾਰਦਿਕ ਹਮਦਰਦੀ ਪ੍ਰਗਟ ਕੀਤੀ। ਉਹਨਾਂ ਇਹ ਭੀ ਕਿਹਾ, ਇਸ ਸਬੰਧ ਵਿਚ ਕੀ ਕਰਨਾ ਹੈ, ਇਹ ਫ਼ੈਸਲਾ ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ਛੇਤੀ ਹੀ ਕਰ ਦਿਤਾ ਜਾਵੇਗਾ। 15.4.78

Printed Books

## ਨਿਰੰਕਾਰੀ ਦਰਬਾਰ ਵਲੋਂ ਨਕਲੀ ਨਿਰੰਕਾਰੀਆਂ ਬਾਰੇ ਬਿਆਨ

ਅੰਮ੍ਰਿਤਸਰ, ੧੪ ਅਪ੍ਰੈਲ–ਸ: ਕਾਹਨ ਸਿੰਘ ਜੀ ਨਿਰੰਕਾਰੀ ਜਨਰਲ ਸੈਕਟਰੀ ਨਿਰੰਕਾਰੀ ਦਰਬਾਰ ਆਫ਼ ਰਾਵਲਪਿੰਡੀ ਨੇ (ਨਕਲੀ) ਨਿਰੰਕਾਰੀ ਮੰਡਲ ਵਲੋਂ ਸਿੰਘਾਂ ਉਪਰ ਕੀਤੇ ਗਏ ਹਮਲੇ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਉਹਨਾਂ ਕਿਹਾ ਕਿ ਨਿਰੰਕਾਰੀ ਸਿਖ ਸੰਪਰਦਾਏ ਅੰਦਾਜ਼ਨ ਡੇਢ ਸਦੀ ਪੁਰਾਣੀ ਸਿਖ ਸੰਪਰਦਾ ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸਿਖ ਗੁਰੂ ਸਾਹਿਬਾਨ ਤੇ ਪੂਰਾ ਭਰੋਸਾ ਰਖਦੀ ਹੈ। ਸ: ਕਾਹਨ ਸਿੰਘ ਨੇ ਕਿਹਾ ਕਿ ਨਿਰੰਕਾਰੀ ਸਿਖ, ਨਿਰੰਕਾਰੀ ਸਿਖ ਮੰਡਲ ਦੀਆਂ ਕਾਰਵਾਈਆਂ ਦੀ ਸ਼ੁਰੂ ਤੋਂ ਹੀ ਵਿਰੋਧਤਾ ਕਰਦੇ ਹਨ, ਜਿਨ੍ਹਾਂ ਨਾਲ ਸਿਖ ਜਗਤ ਨੂੰ ਦੁਖ ਪੁਜਦਾ ਹੈ ਤੇ ਸਿਖਾਂ 'ਚ ਗੁੱਸਾ ਪੈਦਾ ਹੁੰਦਾ ਹੈ।

ਉਨ੍ਹਾਂ ਕਿਹਾ ਕਿ ਇਹ ਸੰਤ ਨਿਰੰਕਾਰੀ ਮੰਡਲ ਵਾਲੇ ਹਿੰਦੂਆਂ ਮੁਸਲਮਾਨਾਂ ਲਈ ਵੀ ਚੈਲੰਜ ਹਨ, ਕਿਉਂਕਿ ਉਸ ਦਾ ਮੁਖੀ ਆਪਣੇ ਆਪ ਨੂੰ ਰਾਮਾ ਕ੍ਰਿਸ਼ਨਾ, ਜਨਕ, ਮੂਸਾ ਤ ਹਜ਼ਰਤ ਈਸਾ ਤੋਂ ਬਾਅਦ ਗੁਰੂ ਨਾਨਕ ਦਾ ਅਵਤਾਰ ਦਸਦਾ ਹੈ। ਉਹ ਆਪਣੇ ਆਪ ਨੂੰ ਸਾਰੀ ਦੁਨੀਆ ਦਾ ਮਾਲਕ ਦਸਦਾ ਹੈ। ਉਹ ਪਵਿਤਰ ਗੁਰੂ ਗ੍ਰੰਥ ਸਾਹਿਬ ਜੀ ਦੇ ਖਿਲਾਫ਼, ਸਿਖ ਗੁਰੂ ਸਾਹਿਬਾਨ ਦੇ ਸਬੰਧ ਵਿਚ ਤੌਹੀਨ ਭਰਪੂਰ ਲਫ਼ਜ਼ਾਂ ਦੀ ਵਰਤੋਂ ਕਰਦਾ ਹੈ। ਉਹ ਗੁਰਮਤਿ ਦੇ ਖਿਲਾਫ਼ ਆਪਣੀ ਮਨਮਤ ਦਾ ਪਰਚਾਰ ਕਰਦਾ ਹੈ।

ਸ: ਕਾਹਨ ਸਿੰਘ ਨੇ ਕਿਹਾ ਕਿ (ਨਕਲੀ) ਨਿਰੰਕਾਰੀ ਗੁਰਬਚਨ ਸਿੰਘ ਸਿਖ ਮਰਯਾਦਾਵਾਂ ਤੇ ਨਿਰੰਕਾਰੀ ਮਰਯਾਦਾਵਾਂ ਦੇ ਖਿਲਾਫ ਪਰਚਾਰ ਕਰਦਾ ਹੈ। ਉਦਾਹਰਣ ਲਈ ਇਹਨਾਂ ਲੋਕਾਂ ਦਾ ਬਾਰ ਬਾਰ ਜ਼ਬਾਨੀ ਅਤੇ ਲਿਖਤੀ ਤੌਰ ਤੇ ਕਹਿਣਾ ਕਿ ਅਸੀਂ ਗਊ ਅਤੇ ਸੂਰ ਦਾ ਗੋਸ਼ਤ ਖਾਂਦੇ ਹਾਂ ਤੇ ਮਿਲਾ ਕੇ ਖਾਂਦੇ ਹਾਂ। ਅਸੀਂ ਦਾੜ੍ਹੀ ਤੇ ਕੇਸਾਂ ਵਾਲੇ ਹਾਂ, ਪਰ ਅਸੀਂ ਸਿਖੀ ਦੇ ਅਸੂਲਾਂ ਦੇ ਪਾਬੰਦ ਨਹੀਂ ਹਾਂ। ਤੇ ਅਸੀਂ ਸ਼ਰਾਬ ਪੀਂਦੇ ਹਾਂ। ਤੇ ਸਿਖਾਂ ਲਈ ਤੰਬਾਕੂ ਚੈਲੰਜ ਹੈ ਪਰ ਸਾਡੇ ਚਿ ਪੀਤਾ ਜਾਂਦਾ ਹੈ, ਇਸ ਤੇ ਕੋਈ ਪਾਬੰਧੀ ਨਹੀਂ ਹੈ। ਤੇ ਇਹ ਵੀ ਇਹਨਾਂ ਦਾ ਕਹਿਣਾ ਹੈ ਕਿ ਉਹ ਪਰਾਈ ਤੇ ਆਪਣੀ ਔਰਤ ਚਿ ਕੋਈ ਫ਼ਰਕ

[ਬਾਕੀ ਅੰਦਰਲੇ ੯ ਸਫ਼ੇ ਤੇ ਵੇਖੋ]

www.AKJ.Org